# ਸੈਵਨ ਓਕਸ ਸਕੂਲ ਡਿਵੀਜ਼ਨ
## ਟ੍ਰਾਂਸਪੋਰਟੇਸ਼ਨ ਡਿਪਾਰਟਮੈਂਟ
## ਨੀਤੀਆਂ ਅਤੇ ਪ੍ਰਕਿਰਿਆਵਾਂ 2024-2025

**ਜਾਣ-ਪਛਾਣ**

ਸੈਵਨ ਓਕਸ ਸਕੂਲ ਡਿਵੀਜ਼ਨ ਇਸ ਗੱਲ ਵਿੱਚ ਵਿਸ਼ਵਾਸ ਰੱਖਦਾ ਹੈ ਕਿ ਵਿਦਿਆਰਥੀ ਟ੍ਰਾਂਸਪੋਰਟੇਸ਼ਨ ਸੇਵਾਵਾਂ ਉਸ ਪੱਧਰ 'ਤੇ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਸ ਨਾਲ ਡਿਵੀਜ਼ਨਲ ਭਾਈਚਾਰੇ ਦੇ ਹਰ ਵਿਦਿਆਰਥੀ ਨੂੰ ਸਿੱਖਿਆ ਤੱਕ ਬਰਾਬਰ ਅਤੇ ਵਾਜਬ ਪਹੁੰਚ ਮੁਹੱਈਆ ਕਰਵਾਈ ਜਾ ਸਕੇ।

**ਯੋਗਤਾ**

ਕਿੰਡਰਗਾਰਟਨ ਤੋਂ ਗ੍ਰੇਡ 6 ਦੇ ਉਹਨਾਂ ਸਾਰੇ ਵਿਦਾਰਥੀਆਂ ਨੂੰ ਟ੍ਰਾਂਸਪੋਰਟੇਸ਼ਨ ਸੇਵਾ ਮੁਹੱਈਆ ਕਰਵਾਈ ਜਾਵੇਗੀ ਜਿਨ੍ਹਾਂ ਦੇ ਘਰ ਦੇ ਪਤੇ ਤੋਂ ਉਹਨਾਂ ਦੇ ਡਿਵੀਜ਼ਨ ਅੰਦਰ ਨਿਰਧਾਰਿਤ ਜਾਂ ਕੈਚਮੈਂਟ ਖੇਤਰ ਦੇ ਸਕੂਲ ਤੱਕ ਦੀ ਦੂਰੀ 1.6 ਕਿਲੋਮੀਟਰ ਤੋਂ ਵੱਧ ਹੈ। ਜਿੱਥੇ ਗ੍ਰਾਂਟ ਲਈ ਯੋਗ ਵਿਦਿਆਰਥੀਆਂ ਨੂੰ ਟ੍ਰਾਂਸਪੋਰਟੇਸ਼ਨ ਸੇਵਾ ਮੁਹੱਈਆ ਨਹੀਂ ਕਾਰਵਾਈ ਜਾਂਦੀ, ਜਿਵੇਂ ਕਿ ਜਦੋਂ ਡਿਵੀਜ਼ਨ ਤੋਂ ਬਾਹਰ ਵਾਲੇ ਪ੍ਰੋਗਰਾਮ ਦੀ ਪਾਲਣਾ ਕੀਤੀ ਜਾਂਦੀ ਹੈ, ਉੱਥੇ ਉਸ ਵਿਦਿਆਰਥੀ ਦੇ ਮਾਪੇ ਜਾਂ ਕਨੂੰਨੀ ਸਰਪ੍ਰਸਤ, ਪ੍ਰਾਂਤਿਕ ਗ੍ਰਾਂਟ ਦੇ ਬਰਾਬਰ ਦਾ ਇੱਕ ਟ੍ਰਾਂਸਪੋਰਟੇਸ਼ਨ ਭੱਤਾ ਪ੍ਰਾਪਤ ਕਰਨਗੇ।
ਇਸ ਤੋਂ ਇਲਾਵਾ, ਹੇਠਾਂ ਦਿੱਤੇ ਮਾਮਲਿਆਂ ਵਿੱਚ ਵੀ ਟ੍ਰਾਂਸਪੋਰਟੇਸ਼ਨ ਸੇਵਾ ਮੁਫ਼ਤ ਵਿੱਚ ਮੁਹੱਈਆ ਕਰਵਾਈ ਜਾਵੇਗੀ:

- ਕਿੰਡਰਗਾਰਟਨ ਤੋਂ ਗ੍ਰੇਡ 6 ਦੇ ਵਿਦਿਆਰਥੀ, ਜਿਨ੍ਹਾਂ ਦੇ ਘਰ ਜਾਂ ਨਿਰਧਾਰਿਤ ਫੀਡਰ ਡੇਅਕੇਅਰ ਤੋਂ ਨਿਰਧਾਰਿਤ ਜਾਂ ਕੈਚਮੈਂਟ ਖੇਤਰ ਦੇ ਸਕੂਲ ਤੱਕ ਸਿੱਧੇ ਚੱਲ ਕੇ ਆਉਣ ਦੇ ਰਸਤੇ ਦੀ ਦੂਰੀ 1.6 ਕਿਲੋਮੀਟਰ ਜਾਂ ਇਸ ਤੋਂ ਵੱਧ ਹੈ।
- ਕਿੰਡਰਗਾਰਟਨ ਤੋਂ ਗ੍ਰੇਡ 6 ਦੇ ਵਿਦਿਆਰਥੀ, ਜੋ ਡੇਅਕੇਅਰ/ਬੇਬੀਸਿੱਟਰ ਸਕੂਲ ਜਾਂਦੇ ਹਨ ਜੋ ਵਿਦਿਆਰਥੀ ਦੇ ਨਿਰਧਾਰਤ ਜਾਂ ਕੈਚਮੈਂਟ ਏਰੀਆ ਸਕੂਲ ਤੋਂ 1.6 ਕਿਲੋਮੀਟਰ ਦੇ ਬਰਾਬਰ ਜਾਂ ਵੱਧ ਹੁੰਦੇ ਹਨ ਅਤੇ ਮੌਜੂਦਾ ਬੱਸ ਦੇ ਰਸਤੇ ਤੇ ਹੁੰਦੇ ਹਨ।
- ਕਿੰਡਰਗਾਰਟਨ ਤੋਂ ਗ੍ਰੇਡ 12 ਦੇ ਉਹ ਵਿਦਿਆਰਥੀ ਜੋ ਵੈਸਟ ਸੇਂਟ ਪੌਲ ਦੇ ਆਰ.ਐਮ. ਅਤੇ ਸੇਂਟ ਐਂਡਰਿਊਜ਼ ਦੇ ਆਰ.ਐਮ. ਵਿੱਚ ਰਹਿੰਦੇ ਹਨ ਅਤੇ ਜਿਨ੍ਹਾਂ ਦੀ ਆਪਣੇ ਨਿਰਧਾਰਿਤ ਜਾਂ ਕੈਚਮੈਂਟ ਖੇਤਰ ਦੇ ਸਕੂਲ ਤੱਕ ਦੀ ਦੂਰੀ 1.6 ਕਿਲੋਮੀਟਰ ਜਾਂ ਇਸ ਤੋਂ ਵੱਧ ਹੈ।
- ਉਹ ਵਿਦਿਆਰਥੀ ਜਿਨ੍ਹਾਂ ਨੂੰ ਸੁਪਰੀਡੈਂਟ (ਜਾਂ ਮਨੋਨੀਤ ਵਿਅਕਤੀ) ਵੱਲੋਂ ਅਧਿਕਾਰਿਤ ਕੀਤਾ ਗਿਆ ਹੈ ਉਨ੍ਹਾਂ ਨੂੰ ਉਨ੍ਹਾਂ ਦੇ ਨਿਰਧਾਰਤ ਜਾਂ ਕੈਚਮੈਂਟ ਏਰੀਆ ਦੇ ਸਕੂਲ ਵਿੱਚ ਲਿਜਾਇਆ ਜਾ ਸਕਦਾ ਹੈ
    a) ਸੁਰੱਖਿਆ ਨਾਲ ਸੰਬੰਧਿਤ ਸਥਿਤੀਆਂ ਕਰਕੇ,
    b) ਤਰਸਵਾਨ ਆਧਾਰ 'ਤੇ।

**ਅਯੋਗ ਵਿਦਿਆਰਥੀ**

ਲਾਗਤ ਨੂੰ ਰਿਕਵਰ ਕਰਨ ਦੇ ਆਧਾਰ 'ਤੇ ਅਤੇ ਜੇਕਰ ਕਿਸੇ ਮੌਜੂਦਾ ਬੱਸ ਰੂਟ ਵਿੱਚ ਸੀਟ ਉਪਲਬਧ ਹੁੰਦੀ ਹੈ, ਤਾਂ ਕਿੰਡਰਗਾਰਟਨ ਤੋਂ ਗ੍ਰੇਡ 12 ਦੇ ਉਹ ਵਿਦਿਆਰਥੀ ਜੋ ਆਪਣੇ ਨਿਰਧਾਰਿਤ ਜਾਂ ਕੈਚਮੈਂਟ ਖੇਤਰ ਦੇ ਸਕੂਲ ਤੋਂ 1.6 ਕਿ.ਮੀ. ਤੋਂ ਘੱਟ ਦੀ ਦੂਰੀ 'ਤੇ ਰਹਿੰਦੇ ਹਨ, ਅਤੇ ਇਸ ਵਿੱਚ ਵੀ ਤਰਜੀਹ ਉਹਨਾਂ ਨੂੰ ਦਿੱਤੀ ਜਾਂਦੀ ਜੋ ਆਪਣੇ ਨਿਰਧਾਰਿਤ ਜਾਂ ਕੈਚਮੈਂਟ ਖੇਤਰ ਦੇ ਸਕੂਲ ਤੋਂ ਜ਼ਿਆਦਾ ਦੂਰ ਰਹਿੰਦੇ ਹਨ। ਸੀਟ ਉਪਲਬਧਤਾ ਨੂੰ ਉਮਰ ਮੁਤਾਬਕ ਨਿਰਧਾਰਿਤ ਕੀਤਾ ਜਾਵੇਗਾ, ਜਿਸ ਵਿੱਚ ਉਪਲਬਧ ਸੀਟਾਂ ਲਈ ਛੋਟੀ ਉਮਰ ਦੇ ਵਿਦਿਆਰਥੀਆਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ। ਇਹ ਸਮਝਿਆ ਜਾਂਦਾ ਹੈ ਕਿ ਜੇਕਰ ਟ੍ਰਾਂਸਪੋਰਟੇਸ਼ਨ ਲਈ ਕਿਸੇ ਯੋਗ ਵਿਦਿਆਰਥੀ ਨੂੰ ਸੀਟ ਦੀ ਲੋੜ ਹੁੰਦੀ ਹੈ, ਤਾਂ ਫ਼ੀਸ ਦੇਣ ਵਾਲੇ ਵਿਦਿਆਰਥੀ ਨੂੰ ਦੋ-ਹਫ਼ਤਿਆਂ ਦਾ ਨੋਟਿਸ ਦੇ ਕੇ ਉਹ ਸੀਟ ਯੋਗ ਵਿਦਿਆਰਥੀ ਨੂੰ ਦੇ ਦਿੱਤੀ ਜਾਵੇਗੀ।

**ਬੱਸ ਫ਼ੀਸ**

2024-2025 ਸਕੂਲ ਦੇ ਸਾਲ ਤੋਂ ਲਾਗੂ ਹੁੰਦੇ ਹੋਏ, ਟ੍ਰਾਂਸਪੋਰਟੇਸ਼ਨ ਫ਼ੀਸ ਹੇਠਾਂ ਦਿੱਤੇ ਅਨੁਸਾਰ ਹੋਵੇਗੀ:

- ਕੰਡਰਗਾਰਟਨ ਤੋਂ ਗ੍ਰੇਡ 5 ਦੇ ਵਿਦਿਆਰਥੀਆਂ ਲਈ $596.00
- ਗ੍ਰੇਡ 6 ਤੋਂ ਗ੍ਰੇਡ 8 ਦੇ ਵਿਦਿਆਰਥੀਆਂ ਲਈ $666.00
- ਗ੍ਰੇਡ 9 ਤੋਂ ਗ੍ਰੇਡ 12 ਦੇ ਵਿਦਿਆਰਥੀਆਂ ਲਈ $808.00

ਅਜਿਹੇ ਪਰਿਵਾਰਾਂ ਲਈ ਜਿਨ੍ਹਾਂ ਦੇ ਬਹੁਤ ਸਾਰੇ ਬੱਚੇ ਬੱਸ ਸੇਵਾ ਲੈ ਰਹੇ ਹਨ, ਫ਼ੀਸ ਨੂੰ $100.00 ਪ੍ਰਤੀ ਪਰਿਵਾਰ ਦੇ ਹਿਸਾਬ ਨਾਲ ਘਟਾ ਦਿੱਤਾ ਜਾਵੇਗਾ। ਹਾਈ ਸਕੂਲ ਦੇ ਵਿਦਿਆਰਥੀਆਂ ਲਈ ਕੋਈ ਕਟੌਤੀ ਨਹੀਂ ਹੈ।

ਕਿਉਂਕਿ ਸਾਡੀ ਬੱਸ ਸੇਵਾ ਸਾਰਾ ਸਾਲ ਚੱਲਦੀ ਹੈ, ਇਸ ਲਈ ਅਸੀਂ ਸਿਰਫ਼ ਸਰਦੀਆਂ ਦੇ ਮੌਸਮ ਲਈ ਬੱਸ ਸੇਵਾ ਪ੍ਰਦਾਨ ਕਰਨ ਵਰਗੀਆਂ ਬੇਨਤੀਆਂ ਨੂੰ ਨਹੀਂ ਵਿਚਾਰਦੇ।
**ਜਿਨ੍ਹਾਂ ਅਯੋਗ ਵਿਦਿਆਰਥੀਆਂ ਨੂੰ 1 ਸਤੰਬਰ ਤੋਂ ਬਾਅਦ ਟ੍ਰਾਂਸਪੋਰਟੇਸ਼ਨ ਦੀ ਲੋੜ ਹੈ, ਉਹਨਾਂ ਨੂੰ ਪੂਰੇ ਸਾਲ ਦੀ ਫ਼ੀਸ ਭਰਨੀ ਪਵੇਗੀ।**

**ਬੱਸ ਸੇਵਾ ਦਾ ਰੱਦੀਕਰਨ/ਭੁਗਤਾਨ ਵਾਪਸੀਆਂ**

- ਜੇਕਰ ਤੁਸੀਂ ਡਿਵੀਜ਼ਨ ਤੋਂ ਬਾਹਰ ਜਾ ਰਹੇ ਹੋ, ਸਕੂਲ ਦੇ ਨਜ਼ਦੀਕ ਰਹਿਣ ਆ ਰਹੇ ਹੋ, ਜਾਂ ਤੁਹਾਨੂੰ ਸਕੂਲ ਦੇ ਡੇਅਕੇਅਰ ਵਿੱਚ ਜਗ੍ਹਾ ਮਿਲ ਗਈ ਹੈ ਅਤੇ ਤੁਹਾਨੂੰ ਹੁਣ ਟ੍ਰਾਂਸਪੋਰਟੇਸ਼ਨ ਦੀ ਲੋੜ ਨਹੀਂ ਹੈ, ਤਾਂ ਅਸੀਂ ਇਸ ਗੱਲ ਦੀ ਸ਼ਲਾਘਾ ਕਰਾਂਗੇ ਕਿ ਤੁਸੀਂ ਮਹੀਨੇ ਦੀ ਪਹਿਲੀ ਤਾਰੀਖ਼ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਸਾਨੂੰ ਬੱਸ ਸੇਵਾ ਰੱਦ ਕਰਨ ਸੰਬੰਧੀ ਨੋਟਿਸ ਦਿਓ। ਬੱਸ ਫ਼ੀਸ ਸਕੂਲ ਦੇ ਪੂਰੇ ਇੱਕ ਸਾਲ 'ਤੇ ਆਧਾਰਿਤ ਹੁੰਦੀ ਹੈ। (ਸਤੰਬਰ ਤੋਂ ਜੂਨ)। ਬੱਸ ਸੇਵਾ ਨੂੰ

ਪੂਰਾ ਸਾਲ ਨਾ ਵਰਤਣ ਦੇ ਮਾਮਲੇ ਵਿੱਚ ਅਸੀਂ ਕੋਈ ਭੁਗਤਾਨ-ਵਾਪਸੀ ਜਾਂ ਫ਼ੀਸ ਵਿੱਚ ਛੋਟ ਨਹੀਂ ਦੇਵਾਂਗੇ।

- ਜੇਕਰ ਬੱਸ ਸੇਵਾ ਸੈਵਨ ਓਕਸ ਸਕੂਲ ਡਿਵੀਜ਼ਨ ਵੱਲੋਂ ਰੱਦ ਕੀਤੀ ਜਾਂਦੀ ਹੈ, ਤਾਂ ਵਰਤੋਂ ਦੇ ਦਿਨਾਂ ਦੇ ਹਿਸਾਬ ਨਾਲ ਗਣਨਾ ਕਰਕੇ ਉਚਿਤ ਭੁਗਤਾਨ ਵਾਪਸੀ ਕੀਤੀ ਜਾਵੇਗੀ।

**ਹੋਰ ਕੋਈ ਭੁਗਤਾਨ ਵਾਪਸੀਆਂ ਨਹੀਂ ਕੀਤੀਆਂ ਜਾਣਗੀਆਂ।**

**ਬੈਂਕ ਦੀ ਜਾਣਕਾਰੀ ਨੂੰ ਬਦਲਣ ਦੇ ਮਾਮਲੇ ਵਿੱਚ ਮਹੀਨੇ ਦੇ ਅਖੀਰ ਤੋਂ ਪਹਿਲਾਂ ਇੱਕ 10 ਕੰਮਕਾਜੀ ਦਿਨਾਂ ਦਾ ਨੋਟਿਸ ਲੋੜੀਂਦਾ ਹੋਵੇਗਾ।**

**transportation@7oaks.org ਨੂੰ ਇੱਕ ਈਮੇਲ ਭੇਜੀ ਜਾਣੀ ਚਾਹੀਦੀ ਹੈ**

### ਕੈਚਮੈਂਟ ਖੇਤਰ ਤੋਂ ਬਾਹਰ ਦੇ ਵਿਦਿਆਰਥੀ

ਜਿੱਥੇ ਵਿਦਿਆਰਥੀ "ਮਨਪਸੰਦ ਸਕੂਲ" ਵਿਵਸਥਾ ਰਾਹੀਂ ਆਪਣੇ ਨਿਰਧਾਰਿਤ ਜਾਂ ਕੈਚਮੈਂਟ ਖੇਤਰ ਤੋਂ ਬਾਹਰ ਦੇ ਕਿਸੇ ਸਕੂਲ ਵਿੱਚ ਜਾਣ ਦੀ ਚੋਣ ਕਰਦੇ ਹਨ, ਤਾਂ ਉਹਨਾਂ ਨੂੰ ਟ੍ਰਾਂਸਪੋਰਟੇਸ਼ਨ ਵਰਤੋਂਕਾਰ ਫ਼ੀਸ ਦਾ ਭੁਗਤਾਨ ਕਰਨਾ ਪਵੇਗਾ। ਅਜਿਹੀ ਫ਼ੀਸ ਮੌਜੂਦਾ ਬੱਸ ਰੂਟ 'ਤੇ ਸੀਟ ਉਪਲਬਧ ਹੋਣ 'ਤੇ ਨਿਰਭਰ ਕਰਦੀ ਹੈ।

### ਗੈਰ-ਨਿਵਾਸੀ ਵਿਦਿਆਰਥੀ

ਸਾਰੇ ਗੈਰ-ਨਿਵਾਸੀ ਵਿਦਿਆਰਥੀਆਂ ਨੂੰ (ਉਹਨਾਂ ਸਮੇਤ ਜੋ ਫੀਡਰ ਡੇਅਕੇਅਰ ਵਿੱਚ ਹਨ), ਜੋ "ਪਸੰਦ ਦੇ ਸਕੂਲ" ਅਧਿਨਿਯਮਾਂ ਦੇ ਅਧੀਨ ਆਉਂਦੇ ਹਨ, ਟ੍ਰਾਂਸਪੋਰਟੇਸ਼ਨ ਵਰਤੋਂਕਾਰ ਫ਼ੀਸ ਦਾ ਭੁਗਤਾਨ ਕਰਨਾ ਪਵੇਗਾ। ਅਜਿਹੀ ਫ਼ੀਸ ਮੌਜੂਦਾ ਬੱਸ ਰੂਟ 'ਤੇ ਸੀਟ ਉਪਲਬਧ ਹੋਣ 'ਤੇ ਨਿਰਭਰ ਕਰਦੀ ਹੈ।

### ਵਿੱਤੀ ਤੰਗੀ

ਵਿੱਤੀ ਤੰਗੀ ਕਰਕੇ ਫ਼ੀਸ ਮਾਫ਼ੀ ਪ੍ਰਬੰਧਕ ਵੱਲੋਂ ਕੀਤੀ ਜਾ ਸਕਦੀ ਹੈ। ਅਰਜ਼ੀ ਦੇ ਨਾਲ ਸੰਯੁਕਤ ਪਰਿਵਾਰ ਦੀ ਆਮਦਨ ਟੈਕਸ ਪੁਸ਼ਟੀਕਰਨ ਨੱਥੀ ਹੋਣਾ ਚਾਹੀਦਾ ਹੈ।

### ਪ੍ਰਕਿਰਿਆਵਾਂ

- **ਸਾਰੇ ਵਿਦਿਆਰਥੀਆਂ ਨੂੰ ਇੱਕ ਟ੍ਰਾਂਸਪੋਰਟੇਸ਼ਨ ਅਰਜ਼ੀ ਫ਼ਾਰਮ ਪੂਰਾ ਕਰਨਾ ਚਾਹੀਦਾ ਹੈ ਜਾਂ ਪੇਰੈਂਟ ਕਨੈਕਟ 'ਤੇ ਹਰ ਸਾਲ ਬੱਸ ਸੇਵਾ ਲਈ ਮੁੜ-ਅਰਜ਼ੀ ਦੇਣੀ ਚਾਹੀਦੀ ਹੈ।**
- ਜੇਕਰ ਤੁਹਾਨੂੰ ਆਪਣੇ ਬੱਚੇ ਦੀ ਬੱਸ ਸੇਵਾ ਵਿੱਚ ਤਬਦੀਲੀਆਂ ਕਰਨ ਦੀ ਲੋੜ ਹੈ, (ਜਿਵੇਂ ਕਿ, ਫ਼ੋਨ ਨੰਬਰ, ਘਰ ਦਾ ਪਤਾ, ਡੇਅਕੇਅਰ ਦਾ ਪਤਾ, ਸਕੂਲ, ਬੱਸ ਸੇਵਾ ਰੱਦ ਕਰਨਾ, ਆਦਿ), ਤਾਂ ਕਿਰਪਾ ਕਰਕੇ ਇਸ ਜਾਣਕਾਰੀ ਨੂੰ ਆਪਣੇ ਬੱਚੇ ਦੇ ਸਕੂਲ ਨਾਲ ਅੱਪਡੇਟ ਕਰੋ। ਕਿਰਪਾ ਕਰਕੇ ਇਹਨਾਂ ਤਬਦੀਲੀਆਂ ਨੂੰ ਲਾਗੂ ਹੋਣ ਲਈ ਇੱਕ ਹਫ਼ਤੇ ਤੋਂ 10 ਦਿਨਾਂ ਦਾ ਸਮਾਂ ਦਿਓ।
- ਟ੍ਰਾਂਸਪੋਰਟੇਸ਼ਨ ਡਿਪਾਰਟਮੈਂਟ ਵੱਲੋਂ ਸਕੂਲ ਸਾਲ ਦੀ ਸ਼ੁਰੂਆਤ ਵਿੱਚ ਨਵੇਂ ਕਿੰਡਰਗਾਰਟਨ ਸੰਬੰਧੀ ਰੂਟ ਜਾਣਕਾਰੀ ਘਰਾਂ ਵਿੱਚ ਡਾਕ ਰਾਹੀਂ ਭੇਜੀ ਜਾਵੇਗੀ।
- ਗ੍ਰੇਡ 1-12 ਦੇ ਵਿਦਿਆਰਥੀ ਆਪਣੀ ਬੱਸ ਜਾਣਕਾਰੀ ਨੂੰ ਅਗਸਤ ਦੇ ਆਖਰੀ 2 ਹਫ਼ਤਿਆਂ ਵਿੱਚ ਪੇਰੈਂਟ ਕਨੈਕਟ 'ਤੇ ਦੇਖ ਸਕਦੇ ਹਨ।

### ਸਵਾਰੀ ਸੰਬੰਧੀ ਸੇਧਾਂ

ਸਕੂਲ ਬੱਸ ਟ੍ਰਾਂਸਪੋਰਟੇਸ਼ਨ ਵਰਤ ਰਹੇ ਵਿਦਿਆਰਥੀਆਂ ਦੀ ਉਹਨਾਂ ਦੇ ਪਿੱਕ-ਅੱਪ ਪੁਆਇੰਟ ਤੋਂ ਲੈ ਕੇ ਸਕੂਲ ਤੱਕ ਅਤੇ ਵਾਪਸੀ ਵੇਲੇ ਸਕੂਲ ਤੋਂ ਲੈ ਕੇ ਉਹਨਾਂ ਦੇ ਡ੍ਰੌਪ-ਆਫ਼ ਪੁਆਇੰਟ ਤੱਕ, ਸੁਰੱਖਿਆ ਲਈ ਡਿਵੀਜ਼ਨ ਜ਼ਿੰਮੇਵਾਰ ਹੈ।

ਸਕੂਲ ਬੱਸ ਦੇ ਪਿੱਕ-ਅੱਪ ਅਤੇ ਡ੍ਰੌਪ-ਆਫ਼ ਪੁਆਇੰਟਾਂ ਤੋਂ ਘਰ ਤੱਕ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਪੱਕਾ ਕਰਨਾ ਮਾਂ-ਪਿਓ/ਸਰਪ੍ਰਸਤ ਦੀ ਜ਼ਿੰਮੇਵਾਰੀ ਹੈ।

### ਕਿਰਪਾ ਕਰਕੇ ਹੇਠਾਂ ਦਿੱਤੇ ਨਿਯਮ ਨੋਟ ਕਰੋ:

1. ਟਰਾਂਸਪੋਰਟ ਸੇਵਾ ਵਰਤ ਰਹੇ ਵਿਦਿਆਰਥੀਆਂ ਨੂੰ ਹਰ ਰੋਜ਼ ਇੱਕ ਨਿਰਧਾਰਿਤ ਸਟੌਪ ਤੋਂ ਪਿੱਕ-ਅੱਪ ਕੀਤਾ ਜਾਵੇਗਾ ਅਤੇ ਡ੍ਰੌਪ ਕੀਤਾ ਜਾਵੇਗਾ। ਵਿਕਲਪਿਕ ਪਿੱਕ-ਅੱਪ ਅਤੇ ਡ੍ਰੌਪ-ਆਫ਼ ਪੁਆਇੰਟਾਂ ਦੀ ਆਗਿਆ ਨਹੀਂ ਹੈ।
2. **ਵਿਦਿਆਰਥੀਆਂ ਨੂੰ ਆਪਣੇ ਨਿਰਧਾਰਿਤ ਸਟੌਪ 'ਤੇ ਪਿੱਕ-ਅੱਪ ਦੇ ਸਮੇਂ ਤੋਂ 5 ਮਿੰਟ ਪਹਿਲਾਂ ਪਹੁੰਚਣਾ ਹੋਵੇਗਾ।** ਜੇਕਰ ਬੱਚਾ ਬੱਸ ਮਿਸ ਕਰ ਦਿੰਦਾ ਹੈ ਤਾਂ ਉਸ ਨੂੰ ਸਕੂਲ ਛੱਡ ਕੇ ਆਉਣਾ ਮਾਂ-ਪਿਓ ਦੀ ਜ਼ਿੰਮੇਵਾਰੀ ਹੋਵੇਗੀ।
3. ਜੇਕਰ ਸਕੂਲ ਤੋਂ ਵਾਪਸ ਛੱਡਣ ਸਮੇਂ ਮਾਂ-ਪਿਓ ਸਟੌਪ 'ਤੇ ਉਡੀਕ ਨਹੀਂ ਕਰ ਰਹੇ ਹੋਣਗੇ, ਤਾਂ ਬੱਚੇ ਨੂੰ ਸਕੂਲ ਵਾਪਸ ਲਿਆਇਆ ਜਾਵੇਗਾ ਅਤੇ ਮਾਂ-ਪਿਓ ਨੂੰ ਸਕੂਲ ਆ ਕੇ ਬੱਚੇ ਨੂੰ ਲਿਜਾਣਾ ਪਵੇਗਾ।
4. ਨਿਯਮਿਤ ਰੂਪ ਵਿੱਚ ਟਰਾਂਸਪੋਰਟ ਲੈਣ ਵਾਲੇ ਵਿਦਿਆਰਥੀਆਂ ਨੂੰ ਸਿਰਫ਼ ਉਹਨਾਂ ਦੀਆਂ ਨਿਰਧਾਰਿਤ ਬੱਸਾਂ 'ਤੇ ਹੀ ਸਵਾਰੀ ਕਰਨ ਦੀ ਆਗਿਆ ਹੈ।
5. ਨਿਯਮਿਤ ਰੂਪ ਵਿੱਚ ਟਰਾਂਸਪੋਰਟ ਲੈਣ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਦੂਜੇ ਵਿਦਿਆਰਥੀਆਂ ਨੂੰ ਸਕੂਲ ਬੱਸਾਂ ਦੀ ਸਵਾਰੀ ਕਰਨ ਦੀ ਆਗਿਆ ਨਹੀਂ ਹੈ।

### ਵਿਦਿਆਰਥੀਆਂ ਤੋਂ ਉਮੀਦਾਂ

ਇਹ ਸਕੂਲ ਬੱਸ ਦੀ ਸਵਾਰੀ ਕਰਨ ਵਾਲੇ ਦੀ ਜ਼ਿੰਮੇਵਾਰੀ ਹੈ ਕਿ ਉਹ:

1. ਲੋਕਾਂ ਅਤੇ ਸੰਪਤੀ ਪ੍ਰਤੀ ਸਨਮਾਨਪੂਰਨ ਰਹੇ, ਉਦਾਹਰਨ ਲਈ, ਉਚਿਤ ਭਾਸ਼ਾ ਦੀ ਵਰਤੋਂ ਕਰੇ
2. ਸੁਰੱਖਿਅਤ ਢੰਗ ਨਾਲ ਪੇਸ਼ ਆਏ, ਉਦਾਹਰਨ ਲਈ, ਬੱਸ ਵਿੱਚ ਹੋਣ ਸਮੇਂ ਆਪਣੀ ਸੀਟ 'ਤੇ ਬੈਠਾ ਰਹੇ, ਗਸ਼ਤ ਕਰਨ ਵਾਲੇ ਅਤੇ ਡਰਾਈਵਰਾਂ ਵੱਲੋਂ ਦਿੱਤੀਆਂ ਜਾਂਦੀਆਂ ਹਿਦਾਇਤਾਂ ਦੀ ਪਾਲਣਾ ਕਰੇ।
3. ਬੱਸ ਵਿੱਚ ਕੁਝ ਵੀ ਖਾਣ ਤੋਂ ਪਰਹੇਜ਼ ਕਰੇ।

ਬੱਸ ਡਰਾਈਵਰ ਬੱਸ 'ਤੇ ਸੁਰੱਖਿਅਤ ਅਤੇ ਸਨਮਾਨਪੂਰਨ ਵਿਵਹਾਰ ਬਾਰੇ ਮੁੱਢਲੀਆਂ ਅਤੇ ਮਾਮੂਲੀ ਚਿੰਤਾਵਾਂ ਨਾਲ ਨਜਿੱਠਣਗੇ। ਚੱਲ ਰਹੇ ਜਾਂ ਕਿਸੇ ਵੱਡੇ ਮੁੱਦੇ ਬਾਰੇ ਪ੍ਰਿੰਸੀਪਲ ਨੂੰ ਰਿਪੋਰਟ ਕੀਤਾ ਜਾਵੇਗਾ।

ਹਾਲਾਂਕਿ ਇਹ ਡਿਵੀਜ਼ਨ ਦੀ ਜ਼ਿੰਮੇਵਾਰੀ ਹੈ ਕਿ ਉਹ ਯੋਗ ਵਿਦਿਆਰਥੀਆਂ ਨੂੰ ਟ੍ਰਾਂਸਪੋਰਟੇਸ਼ਨ ਮੁਹੱਈਆ ਕਰਵਾਏ, ਪਰ ਇਹ ਵੀ ਸਮਝਿਆ ਜਾਣਾ ਜ਼ਰੂਰੀ ਹੈ ਕਿ ਇਸ ਜ਼ਿੰਮੇਵਾਰੀ ਦੀਆਂ ਕੁਝ ਸੀਮਾਵਾਂ ਹਨ। ਬੋਰਡ ਕੋਲ, ਆਪਣੇ ਪ੍ਰਸ਼ਾਸਨ ਰਾਹੀਂ, ਇਹ ਹੱਕ ਰਾਖਵਾਂ ਹੈ ਕਿ ਉਹ ਕਿਸੇ ਵੀ ਅਜਿਹੇ ਵਿਦਿਆਰਥੀ ਦੇ ਟ੍ਰਾਂਸਪੋਰਟੇਸ਼ਨ ਦੇ ਅਧਿਕਾਰ ਨੂੰ ਮੁਅੱਤਲ ਕਰ ਸਕਦਾ ਹੈ, ਜੋ ਆਪਣੀਆਂ ਕਾਰਵਾਈਆਂ ਕਰਕੇ ਬੱਸ ਵਿੱਚ ਆਪਣੀ ਜਾਂ ਦੂਜਿਆਂ ਦੀ ਸਿਹਤ ਅਤੇ/ਜਾਂ ਸੁਰੱਖਿਆ ਨੂੰ ਖਤਰੇ ਵਿੱਚ ਪਾ ਸਕਦਾ ਹੋਵੇ।

### ਸਕੂਲ ਬੱਸ ਸੰਬੰਧੀ ਸੁਰੱਖਿਆ

ਸਕੂਲ ਬੱਸ ਦੀ ਸਵਾਰੀ ਜਿੰਨਾ ਸੰਭਵ ਹੋ ਸਕੇ ਸੁਰੱਖਿਅਤ ਬਣਾਉਣ ਲਈ, ਸਾਰੇ ਵਿਦਿਆਰਥੀਆਂ ਲਈ ਇਹ ਲੋੜੀਂਦਾ ਹੈ ਕਿ ਉਹ ਸਾਲ ਵਿੱਚ ਦੋ ਵਾਰ ਸਕੂਲ ਬੱਸ ਸਵਾਰੀ ਸੁਰੱਖਿਆ

ਪ੍ਰੋਗਰਾਮ ਵਿੱਚ ਭਾਗ ਲੈਣ। ਇਹ ਪ੍ਰੋਗਰਾਮ ਵਿੱਚ ਸੰਕਟਕਾਲੀਨ ਸਮੇਂ ਵੇਲੇ ਬੱਸ ਵਿੱਚੋਂ ਬਾਹਰ ਨਿਕਲਣ ਸੰਬੰਧੀ ਅਭਿਆਸ ਸ਼ਾਮਲ ਹਨ।

**ਖਰਾਬ ਮੌਸਮ ਅਤੇ ਬੱਸ ਰੱਦੀਕਰਨ**

ਕਈ ਵਾਰ, ਮੌਸਮ ਖਰਾਬ ਹੋਣ ਕਾਰਨ ਸਾਨੂੰ ਬੱਸ ਰੱਦ ਕਰਨੀ ਪੈਂਦੀ ਹੈ। ਆਮ ਨਿਯਮ ਇਹ ਹੈ ਕਿ ਜੇਕਰ ਫੋਰਕਸ ਵਿਖੇ ਠੰਡੀਆਂ ਹਵਾਵਾਂ ਦੇ ਨਾਲ ਤਾਪਮਾਨ -45° C ਜਾਂ ਉਸ ਤੋਂ ਘੱਟ ਹੋ ਜਾਂਦਾ ਹੈ (ਸਵੇਰੇ 6 ਵਜੇ ਐਨਵਾਇਰਨਮੈਂਟ ਕੈਨੇਡਾ ਵੱਲੋਂ ਪੋਸਟ ਕੀਤੇ ਅਨੁਸਾਰ), ਤਾਂ ਅਸੀਂ ਪੂਰੇ ਦਿਨ ਲਈ ਬੱਸਾਂ ਨੂੰ ਰੱਦ ਕਰ ਦਿੰਦੇ ਹਾਂ, ਪਰ ਸਕੂਲ ਆਮ ਤੌਰ 'ਤੇ ਖੁੱਲ੍ਹੇ ਰਹਿੰਦੇ ਹਨ। ਸਾਰੀਆਂ ਮੈਟਰੋ ਵਿਨੀਪੈਗ ਸਕੂਲ ਡਿਵੀਜ਼ਨਾਂ, ਇਸ ਨਿਯਮ ਦੇ ਆਧਾਰ 'ਤੇ ਇੱਕੋ ਸਿਸਟਮ ਦੀ ਪਾਲਣਾ ਕਰਦੀਆਂ ਹਨ।

ਬੱਸਾਂ ਦੇ ਰੱਦ ਹੋਣ 'ਤੇ ਅਸੀਂ ਸੈਵਨ ਓਕਸ ਸਕੂਲ ਡਿਵੀਜਨ ਦੀ ਵੈੱਬਸਾਈਟ ਦੇ ਹੋਮਪੇਜ 'ਤੇ ਇੱਕ ਸੁਚੇਤਨਾ ਸੁਨੇਹਾ ਪੋਸਟ ਕਰਾਂਗੇ। ਜ਼ਿਆਦਾਤਰ ਰੇਡੀਓ ਸਟੇਸ਼ਨ ਬੱਸਾਂ ਦੇ ਰੱਦ ਹੋਣ ਸੰਬੰਧੀ ਘੋਸ਼ਣਾ ਕਰਨਗੇ। ਉਹ ਆਮ ਤੌਰ 'ਤੇ ਹਰ 15 ਮਿੰਟ ਵਿੱਚ ਇੱਕ ਵਾਰ ਰੱਦੀਕਰਨ ਦੀਆਂ ਘੋਸ਼ਣਾਵਾਂ ਕਰਦੇ ਹਨ। ਤੁਸੀਂ ਸਥਾਨਕ ਟੈਲੀਵਿਜ਼ਨ ਸਟੇਸ਼ਨ ਅਤੇ ਇੰਟਰਨੈੱਟ ਵੀ ਚੈੱਕ ਕਰ ਸਕਦੇ ਹੋ।

| | | | | |
|---|---|---|---|---|
| CBC – 990 AM | 89.3 FM | CFWM (BOB) 99.9 | CJOB-680 AM | 92 CITI-FM |
| Drive 94.3 FM | CKY-580 | Clear FM 102.3 | QX 104 FM | CKMM Virgin Radio 103 |
| TSN Radio 1290 | CJKR Power 97 | | CKSB (French) | CKXL Envol 91 (French) |
| City TV | CTV News | Global News | Winnipeg Free Press Online | |

ਤੁਸੀਂ ਸਾਡੀ ਸੈਵਨ ਓਕਸ ਦੀ ਵੈੱਬਸਾਈਟ www.7oaks.org 'ਤੇ ਜਾ ਸਕਦੇ ਹੋ, ਜਿੱਥੇ ਪੰਨੇ ਦੇ ਸਿਖਰ ਦੇ ਇੱਕ ਸੁਨੇਹਾ ਪੋਸਟ ਕੀਤਾ ਜਾਵੇਗਾ ਜੋ ਉਸ ਦਿਨ ਲਈ ਟ੍ਰਾਂਸਪੋਰਟੇਸ਼ਨ ਦੀ ਸਥਿਤੀ ਬਾਰੇ ਸੂਚਨਾ ਦੇਵੇਗਾ। ਜੇਕਰ ਰੱਦ ਕਰਨ ਸੰਬੰਧੀ ਕੋਈ ਘੋਸ਼ਣਾ ਨਹੀਂ ਕੀਤੀ ਜਾਂਦੀ, ਤਾਂ ਇਸ ਦਾ ਮਤਲਬ ਹੈ ਕਿ ਬੱਸਾਂ ਚੱਲਣਗੀਆਂ।

**ਬੱਸਾਂ ਲਈ ਸਵੇਰ ਦਾ ਰੱਦੀਕਰਨ ਸਾਰੇ ਦਿਨ 'ਤੇ ਲਾਗੂ ਹੋਵੇਗਾ, ਜਿਸ ਵਿੱਚ ਦੁਪਹਿਰ ਦਾ ਸਮਾਂ ਅਤੇ ਛੁੱਟੀ ਦਾ ਸਮਾਂ ਵੀ ਸ਼ਾਮਲ ਹੈ।**

ਕਿਰਪਾ ਕਰਕੇ ਟ੍ਰਾਂਸਪੋਰਟੇਸ਼ਨ ਦਫ਼ਤਰ, ਬੋਰਡ ਦੇ ਦਫ਼ਤਰ ਜਾਂ ਮੀਡਿਆ ਆਉਟਲੈੱਟਾਂ ਨੂੰ ਫ਼ੋਨ ਨਾ ਕਰੋ। ਅਜਿਹਾ ਕਰਨ ਨਾਲ, ਫ਼ੋਨ ਲਾਈਨਾਂ ਬਿਜ਼ੀ ਹੋ ਜਾਂਦੀਆਂ ਹਨ। ਇਸ ਦੀ ਬਜਾਏ ਉੱਪਰ ਦਿੱਤੇ ਤਰੀਕਿਆਂ ਰਾਹੀਂ ਜਾਣਕਾਰੀ ਤੱਕ ਪਹੁੰਚ ਕਰੋ।

ਸੈਵਨ ਓਕਸ ਸਕੂਲ ਡਿਵੀਜ਼ਨ ਟ੍ਰਾਂਸਪੋਰਟੇਸ਼ਨ ਦਫ਼ਤਰ 1985 Grassmere Road, West St. Paul, MB R4A 6A3 ਫ਼ੋਨ: 204-338-7051
ਸੈਵਨ ਓਕਸ ਸਕੂਲ ਡਿਵੀਜ਼ਨ ਬੋਰਡ ਦਫ਼ਤਰ 830 Powers Street, Winnipeg, MB R2V 4E7 ਫ਼ੋਨ: 204-586-8061